ਅਰਮਾਨ (ARMAAN)
Vol. 3 | Issue 2 | Apr-Jun 2025
ISSN: 2583-9446 (Online)
Paper Published Id: ARMN030212
Available online at: www.armaan.org.in
DOI: https://doi.org/10.64119/armaan.vol.3.issue2.12

# LOK KAAVI ROOP 'SITHNI': SABHIYACHARK ADHIAIN

# ਲੋਕ ਕਾਵਿ ਰੂਪ 'ਸਿੱਠਣੀ' : ਸੱਭਿਆਚਾਰਕ ਅਧਿਐਨ

**ਡਾ.ਸੁਖਜਿੰਦਰ ਕੌਰ** (Dr. Sukhjinder Kaur)
**ਅਸਿਸਟੈਂਟ ਪ੍ਰੋਫੈਸਰ, ਪੰਜਾਬੀ** (Assistant Professor, Punjabi)
**ਮਾਤਾ ਸਾਹਿਬ ਕੌਰ ਖਾਲਸਾ ਕਾਲਜ ਤਲਵੰਡੀ ਭਾਈ, ਫਿਰੋਜ਼ਪੁਰ (ਪੰਜਾਬ)**
Email ID: sukhjinderkaur1443@gmail.com **ਮੋਬਾਈਲ**: +91-98773-69319

**ਸਾਰ (Abstract)**

*'ਸਿੱਠਣੀਆਂ' ਇਸਤਰੀਆਂ ਦੇ ਬਹੁਤ ਹਰਮਨ ਪਿਆਰੇ ਗੀਤ ਹਨ। ਇਹ ਕਾਵਿ ਰੂਪ ਵਿਆਹ ਦੀਆਂ ਰਸਮਾਂ ਨਾਲ ਸੰਬੰਧਿਤ ਹੁੰਦਾ ਹੈ। ਇਸ ਦਾ ਮਨੋਰਥ ਵਿਅੰਗ ਕਟਾਕਸ਼ ਜਾਂ ਮਜ਼ਾਕੀਆ ਅੰਦਾਜ਼ ਵਿੱਚ ਲੋਕਾਂ ਦਾ ਮਨੋਰੰਜਨ ਕਰਨਾ ਹੈ ਪੁਰਾਣੇ ਸਮੇਂ ਵਿੱਚ ਮਨ ਪ੍ਰਚਾਵੇ ਲਈ ਸਿੱਠਣੀਆਂ ਦਿੱਤੀਆਂ ਜਾਂਦੀਆਂ ਸਨ ਤਾਂ ਕਿ ਖੁਸ਼ੀ ਦਾ ਮਾਹੌਲ ਸਿਰਜਿਆ ਜਾ ਸਕੇ। ਕੁੜੀ ਘਿਰ ਵਾਲੇ ਆਪਣੇ ਆਪ ਨੂੰ ਨੀਵਾਂ ਮਹਿਸੂਸ ਕਰਦੇ ਸਨ ਪਰ ਉਹ ਮੁੰਡੇ ਵਾਲੀਆਂ ਨੂੰ ਸਿੱਠਣੀਆਂ ਦੇ ਕੇ ਆਪਣਾ ਅੰਦਰਲਾ ਗੁਭ-ਗਲ੍ਹਾਟ ਕੱਢ ਲੈਂਦੇ ਸਨ। ਸਿੱਠਣੀਆਂ ਆਮ ਤੌਰ ਤੇ ਮਿੱਠੀਆਂ ਗਾਲਾਂ ਹੁੰਦੀਆਂ ਹਨ, ਜੋ ਔਰਤਾਂ ਨੂੰ ਸਦਾਚਾਰਕ ਬੰਧੇਜਾ ਅਤੇ ਸੰਕੋਚਾਂ ਤੋਂ ਖੁੱਲ ਦਿੰਦੀਆਂ ਹਨ। ਸਿਠਣੀਆਂ ਇਸਤਰੀਆਂ ਵੱਲੋਂ ਰਲ ਕੇ ਦਿੱਤੀਆਂ ਜਾਂਦੀਆਂ ਹਨ ਤੇ ਮੌਕੇ ਅਨੁਸਾਰ ਇਹਨਾਂ ਵਿੱਚ ਵਾਧ -ਘਾਟ ਕਰ ਲਈ ਜਾਂਦੀ ਹੈ ਹੈ। ਸਿੱਠਣੀਆਂ ਰਾਹੀਂ ਮੁੰਡੇ ਵਾਲਿਆਂ ਦੀ ਝਿਜਕ ਅਤੇ ਸੰਕੋਚ ਨੂੰ ਘਟਾਇਆ ਜਾਂਦਾ ਹੈ ਤਾਂ ਕਿ ਉਹ ਕੁੜੀ ਵਾਲੇ ਰਿਸ਼ਤੇਦਾਰਾਂ ਨਾਲ ਘੁਲ- ਮਿਲ ਜਾਣ। ਸਿੱਠਣੀਆਂ ਵਿੱਚ ਦੋਨਾਂ ਘਿਰਾਂ ਕੁੜੀ ਵਾਲਿਆਂ ਅਤੇ ਮੁੰਡੇ ਵਾਲਿਆਂ ਦੀ ਹਾਜ਼ਰ ਜਵਾਬੀ ਜਰੂਰੀ ਹੁੰਦੀ ਹੈ ਇੱਕ ਘਿਰ ਸਿਠਣੀ ਬੋਲਦੀ ਹੈ ਤੇ ਦੂਜੀ ਘਿਰ ਉਸਦਾ ਜਵਾਬ ਦਿੰਦੀ ਹੈ।ਸਿਠਣੀਆਂ ਆਮ ਤੌਰ ਤੇ ਮੁੰਡੇ ਵਾਲਿਆਂ ਦੇ ਪਹਿਰਾਵੇ, ਉਹਨਾਂ ਦੇ ਖਾਨਦਾਨ, ਖਾਣ ਪੀਣ, ਉਹਨਾਂ ਦੀ ਸਰੀਰਕ ਬਣਤਰ, ਆਦਿ ਨਾਲ ਸਬੰਧਿਤ ਹੁੰਦੀਆਂ ਹਨ, ਅਤੇ ਹਾਸੇ ਮਜਾਕ ਨਾਲ ਭਰਪੂਰ ਹੁੰਦੀਆਂ ਹਨ। ਇਹ ਪੰਜਾਬੀਆਂ ਦੇ ਖੁੱਲੇ ਡੁੱਲੇ ਸੁਭਾਅ, ਉਹਨਾਂ ਦੇ ਰਹਿਣ ਸਹਿਣ, ਆਦਤਾਂ ਤੇ ਅਣਫਰੋਲੀਆਂ ਡੂੰਘੀਆਂ ਪਰਤਾਂ ਨੂੰ ਉਜਾਗਰ ਕਰਦੀਆਂ ਹਨ।*

***ਕੀਵਰਡ (Keyword): ਸਿੱਠਣੀ, ਲੋਕ ਧਾਰਾ, ਵਿਅੰਗ, ਹਾਸਾ-ਠੱਠਾ, ਮਜਾਕ, ਵਿਆਹ, ਲਾੜਾ, ਮੇਲਣਾ।***

**ਭੂਮਿਕਾ:**

ਪੰਜਾਬੀ ਸਾਹਿਤ ਵਿੱਚ ਲੋਕ ਸਹਿਤ ਦਾ ਬਹੁਤ ਵੱਡਾ ਸਥਾਨ ਹੈ। ਪੰਜਾਬੀ ਲੋਕ ਸਾਹਿਤ ਦੀ ਵਿਰਾਸਤ ਬਹੁਤ ਅਮੀਰ ਹੈ। ਆਦਿਕਾਲ ਤੋਂ ਹੀ ਇਹ ਲੋਕਾਂ ਦੀ ਜੁਬਾਨ ਤੇ ਚੜ ਕੇ ਪੀੜੀ ਦਰ ਪੀੜੀ ਅੱਗੇ ਚਲਦਾ ਆ ਰਿਹਾ ਹੈ। ਲੋਕ ਸਹਿਤ ਕਿਸੇ ਖਿੱਤੇ ਦੇ ਲੋਕਾਂ ਦੇ ਸੱਭਿਆਚਾਰ ਦਾ ਸ਼ੀਸ਼ਾ ਹੁੰਦਾ ਹੈ, ਇਸ ਤੋਂ ਉਥੋਂ ਦੇ ਲੋਕਾਂ ਦੇ ਕਾਰ- ਵਿਹਾਰ, ਖਾਣ -ਪੀਣ ਰਹਿਣ -ਸਹਿਣ ਆਦਿ ਦਾ ਪਤਾ ਲੱਗਦਾ ਹੈ। ਸਮਾਂ ਲੋਕ ਸਾਹਿਤ ਨੂੰ ਆਪਣੇ ਕਲਾਵੇ ਵਿੱਚ ਨਹੀਂ ਰੱਖ ਸਕਦਾ ਸਗੋਂ ਇਹ ਸਮੇਂ ਦੇ ਨਾਲ ਨਾਲ ਗਤੀਸ਼ੀਲ ਰਹਿੰਦਾ ਹੈ ਇਸ ਲਈ ਲੋਕ ਸਾਹਿਤ ਨੂੰ ਕੋਈ ਵਿਅਕਤੀ ਵਿਸ਼ੇਸ਼ ਨਹੀਂ ਰਚਦਾ ਸਗੋਂ ਸਮੁੱਚੀ ਜਾਤੀ ਆਪਣੇ ਵਲਵਲਿਆਂ, ਸੱਧਰਾਂ ਅਤੇ ਚਾਵਾਂ ਨੂੰ ਲੋਕ ਸਹਿਤ ਰਾਹੀਂ ਉਜਾਗਰ ਕਰਦੀ ਹੈ। ਬਿਕਰਮ ਸਿੰਘ ਘੁੰਮਣ ਅਨੁਸਾਰ,

> *"ਕਿਸੇ ਵੀ ਖਿੱਤੇ ਦਾ ਲੋਕ ਸਹਿਤ ਉਥੋਂ ਦੇ ਵਾਸੀਆਂ ਦੀ ਮੂਲ ਸੰਸਕ੍ਰਿਤੀ ਨੂੰ ਸਮਝਣ ਵਿੱਚ ਸਹਾਈ ਬਣਦਾ ਹੈ, ਇਸ ਕਰਕੇ ਇਸ ਸਾਹਿਤ ਨੂੰ ਮਨੁੱਖ ਦੇ ਹਮੇਸ਼ਾ ਜਿਉਂਦੇ ਰਹਿਣ ਦੀ ਚੇਤਨਤਾ ਦਾ ਜਿਉਂਦਾ ਜਾਗਦਾ ਸਬੂਤ ਮੰਨਿਆ ਗਿਆ ਹੈ।"* [1]

ਲੋਕ ਸਹਿਤ ਦੀ ਵਡਿਆਈ ਇਸ ਵਿੱਚ ਪੇਸ਼ ਕੀਤੇ ਸੱਭਿਆਚਾਰ ਨਾਲ ਹੁੰਦੀ ਹੈ। ਲੋਕ ਸਾਹਿਤ ਲੋਕਾਂ ਦੀਆਂ ਰੀਝਾਂ, ਉਮੰਗਾਂ, ਉਹਨਾਂ ਦੇ ਦੁੱਖਾਂ ਸੁੱਖਾਂ, ਰੀਤੀ ਰਿਵਾਜਾਂ ਆਦਿ ਨਾਲ ਭਰਪੂਰ ਹੁੰਦਾ ਹੈ। ਲੋਕ ਸਾਹਿਤ ਲੋਕਾਂ ਦਾ ਸਾਂਝਾ ਸਰਮਾਇਆ ਹੁੰਦਾ ਹੈ, ਪਰ ਇਸ ਦਾ ਕੋਈ ਨਾ ਕੋਈ ਰਚਨਕਾਰ ਜਰੂਰ ਹੁੰਦਾ ਹੈ। ਡਾਕਟਰ ਬੇਦੀ ਦਾ ਕਹਿਣਾ ਹੈ ਕਿ,

> *"ਲੋਕ ਮਾਨਸ ਦੀ ਜੋਤ ਹਰ ਮਨੁੱਖ ਦੇ ਅੰਦਰ ਜਾਗਦੀ ਹੈ, ਭਾਵੇਂ ਉਹ ਕਿਤਨਾ ਵੀ ਵਿਗਿਆਨੀ ਕਿਉਂ ਨਾ ਹੋਵੇ।"* [2]


Received: 15 May 2025 Accepted: 05 June 2025 Published: 13 June 2025

ਮਨੁੱਖ ਜਦੋਂ ਆਪਣੇ ਆਪ ਨੂੰ ਸੁਖੀ ਮਹਿਸੂਸ ਕਰਦਾ ਹੈ, ਆਪਣੇ ਆਪ ਨੂੰ ਹੌਲਾ ਮਹਿਸੂਸ ਕਰਦਾ ਹੈ ਤਾਂ ਉਹ ਸਹਿਜ ਰੂਪ ਵਿੱਚ ਹੀ ਲੋਕ ਸਹਿਤ ਦੀ ਰਚਨਾ ਕਰ ਦਿੰਦਾ ਹੈ। ਇਸ ਲਈ,

*"ਜਦੋਂ ਮਨੁੱਖ ਨੱਚਦਾ ਹੈ, ਜਦੋਂ ਮਨੁੱਖ ਗਾਉਂਦਾ ਹੈ, ਉਹ ਕਿਸੇ ਹੱਦ ਬੰਨੇ ਨੂੰ ਨਹੀਂ ਮੰਨਦਾ ਤੇ ਨਾ ਹੀ ਕੋਈ ਬੰਧਨ ਸਵੀਕਾਰ ਕਰਦਾ ਹੈ"* [3]

ਲੋਕ ਸਾਹਿਤ ਨੂੰ ਮੁੱਖ ਤੌਰ ਤੇ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ ਪਹਿਲੇ ਭਾਗ ਵਿੱਚ ਲੋਕ ਕਲਾ ਜਿਸ ਵਿੱਚ ਲੋਕ ਗੀਤਾਂ ਦੇ ਵਿਭਿੰਨ ਰੂਪ ਅਖਾਣ, ਮੁਹਾਵਰੇ, ਬੁਝਾਰਤਾਂ, ਘੋੜੀਆਂ, ਸੁਹਾਗ, ਅੱਲਾਹੁਣੀਆਂ, ਕੀਰਨੇ, ਸਿੱਠਣੀਆਂ ਆਦਿ ਸ਼ਾਮਿਲ ਕੀਤੀਆਂ ਜਾਂਦੀਆਂ ਹਨ ਤੇ ਦੂਜੇ ਭਾਗ ਵਿੱਚ ਲੋਕ ਕਹਾਣੀਆਂ, ਲੋਕ ਕਥਾਵਾਂ, ਚੁਟਕਲੇ ਆਦਿ ਨੂੰ ਲਿਆ ਜਾਂਦਾ ਹੈ। ਇੱਥੇ ਕੇਵਲ ਪੰਜਾਬੀ ਲੋਕ ਸਾਹਿਤ ਦੇ ਪਹਿਲੇ ਭਾਗ ਲੋਕ ਕਾਵਿ ਬਾਰੇ ਚਰਚਾ ਕੀਤੀ ਜਾਵੇਗੀ।

ਪੰਜਾਬੀ ਸੱਭਿਆਚਾਰ ਕੋਲ ਲੋਕ ਗੀਤਾਂ ਦਾ ਰੰਗ-ਬਿਰੰਗਾ ਭੰਡਾਰ ਮੌਜੂਦ ਹੈ। ਗੀਤ ਲੋਕਾਂ ਦੇ ਮਨਾਂ ਦਾ ਪ੍ਰਗਟਾਵਾ ਹੁੰਦੇ ਹਨ ਤੇ ਉਹਨਾਂ ਦੇ ਮਨਾਂ ਵਿੱਚੋਂ ਆਪ ਮੁਹਾਰੇ ਫੁੱਟ- ਫੁੱਟ ਨਿਕਲਦੇ ਹਨ

*"ਲੋਕ ਗੀਤਾਂ ਦੀ ਬਾਂਹ ਉੱਤੇ ਕਿਸੇ ਵੀ ਗੀਤਕਾਰ ਦਾ ਨਾਉ ਨਹੀਂ ਖੁਣਿਆ ਹੁੰਦਾ ਲੋਕ ਗੀਤ ਕਿਸੇ ਵਿਸ਼ੇਸ਼ ਰਚਨਾਕਾਰ ਦੇ ਨਾਉ ਤੋਂ ਇਸ ਲਈ ਮੁਕਤ ਹਨ ਕਿ ਉਹਨਾਂ ਦੇ ਸਿਰਜਨਹਾਰਿਆਂ ਦਾ ਨਾਂ ਮੌਖਿਕ ਰੂਪ ਵਿੱਚ ਸੰਚਾਰਤ ਤੇ ਪੀੜ੍ਹੀਓ ਪੀੜ੍ਹੀ ਚਲਣ ਕਰਕੇ ਮਿਟ ਗਿਆ ਹੁੰਦਾ ਹੈ, ਪਰ ਇਸ ਦਾ ਇਹ ਭਾਵ ਨਹੀਂ ਕਿ ਮੁੱਢ ਵਿੱਚ ਹੀ ਅਜਿਹਾ ਹੀ ਹੁੰਦਾ ਹੈ"* [4]

ਲੋਕ ਗੀਤਾਂ ਵਿੱਚ ਵੱਖ-ਵੱਖ ਕਾਵਿ ਰੂਪ ਸ਼ਾਮਿਲ ਹੁੰਦੇ ਹਨ। ਇਹਨਾਂ ਵਿੱਚ ਪੰਜਾਬੀਆਂ ਦੇ, ਗੁੱਸੇ-ਗਿਲੇ, ਹਾਸੇ-ਠੱਠੇ, ਮਸ਼ਕਰੀਆਂ ਆਦਿ ਦਾ ਵਰਣਨ ਹੁੰਦਾ ਹੈ। ਇਹ ਕਾਵਿ ਰੂਪ ਪੂਰੀ ਸਾਦਗੀ ਤੇ ਸਹਿਜਤਾ ਨਾਲ ਭਰਪੂਰ ਹੁੰਦੇ ਹਨ।

'ਸਿਠਣੀ' ਕਾਵਿ ਰੂਪ ਲੋਕ ਗੀਤਾਂ ਵਿੱਚ ਆਪਣੀ ਵਿਸ਼ੇਸ਼ ਥਾਂ ਰੱਖਦਾ ਹੈ। ਔਰਤਾਂ ਵੱਲੋਂ ਉਜਾਰੇ ਜਾਂਦੇ ਵੱਖ-ਵੱਖ ਕਾਵਿ ਰੂਪਾਂ ਵਿੱਚੋਂ ਸਿੱਠਣੀ ਪ੍ਰਮੁੱਖ ਕਾਵਿ ਰੂਪ ਹੈ। ਸਿਠਣੀ ਦਾ ਅਰਥ ਹੈ ਹਾਸਾ ਮਜਾਕ ਕਰਨਾ, ਮਖੌਲ ਕਰਨਾ ਅਤੇ ਠਿੱਠ ਕਰਨਾ।

*"ਸਿੱਠਣੀ ਗਾਇਨ ਸੰਦਰਭ ਵਿੱਚ ਪਾਜੈਟਿਵ ਤੇ ਨੈਗਟਿਵ ਜੁੱਜਾਂ ਦੀ ਮੌਜੂਦਗੀ ਹੁੰਦੀ ਹੈ, ਇਸੇ ਵਿਰੋਧ ਵਿੱਚ ਚੰਗਿਆੜੇ ਨਿਕਲਦੇ ਹਨ, ਇਹ ਚੰਗਿਆੜੇ ਹਨ- ਠਿੱਠ, ਮਸ਼ਕਰੀ, ਟਕੋਰ, ਚੋਟ, ਹਾਸਾ, ਵਿਅੰਗ, ਠੱਠਾ, ਟਿਚਰ, ਨਿਹੋਰਾ, ਛਿੱਬੀ ਜਾਂ ਪੋਲੀ ਜਿਹੀ ਗਾਲ।"* [5]

ਵਿਆਹ ਵਾਲਾ ਮਾਹੌਲ ਖੁਸ਼ੀਆਂ ਭਰਿਆ ਹੁੰਦਾ ਹੈ, ਇਸ ਲਈ ਉਸ ਸਮੇਂ ਹਾਸਾ ਮਜਾਕ ਹੋਣਾ ਸੁਭਾਵਿਕ ਹੀ ਹੈ। ਵਿਆਹ ਮੌਕੇ ਕੁੜੀ ਵਾਲਿਆਂ ਵੱਲੋਂ ਮੁੰਡੇ ਦੇ ਨਾਲ ਜੰਞ ਨਾਲ ਆਏ ਲੋਕਾਂ ਨੂੰ ਜਾਂ ਉਸ ਨਾਲ ਆਏ ਉਸ ਦੇ ਸਕੇ ਸਬੰਧੀਆਂ ਨੂੰ ਮਜ਼ਾਕ ਮਜਾਕ ਵਿੱਚ ਠਿੱਠ ਕੀਤਾ ਜਾਂਦਾ ਹੈ। ਇਨਾ ਸਿੱਠਣੀਆਂ ਰਾਹੀਂ ਕੁੜੀ ਦੇ ਪਰਿਵਾਰ ਦੀਆਂ ਇਸਤਰੀਆਂ ਇੱਕ ਤਰ੍ਹਾਂ ਆਪਣੇ ਅੰਦਰ ਲਕੋ ਕੇ ਰੱਖੇ ਹੋਏ ਸ਼ੰਕੇ ਤੇ ਸਾਂਭ ਕੇ ਰੱਖੀਆਂ ਕੌੜੀਆਂ ਕੁਸੈਲੀਆਂ ਗੱਲਾਂ ਰਾਹੀਂ ਲਾੜੇ ਦੇ ਪਰਿਵਾਰ ਨੂੰ ਉਲਾਂਭੇ ਦਿੰਦੀਆਂ ਹਨ। ਇਹ ਇੱਕ ਤਰ੍ਹਾਂ ਦੀਆਂ ਮਿੱਠੀਆਂ ਗਾਲਾਂ ਹੀ ਹੁੰਦੀਆਂ ਹਨ, ਜਿੰਨਾ ਰਾਹੀਂ ਮੁੰਡੇ ਦੇ ਰਿਸ਼ਤੇਦਾਰਾਂ ਤੇ ਮਿੱਠਾ ਮਿੱਠਾ ਵਿਅੰਗ ਕਸਿਆ ਜਾਂਦਾ ਹੈ। ਇਸ ਲਈ ਡਾਕਟਰ ਵਣਜਾਰਾ ਬੇਦੀ ਆਖਦੇ ਹਨ ਕਿ,

*"ਜੰਨ ਦੇ ਢੁਕਾਓ ਵੇਲੇ, ਕੰਨਿਆ ਪੱਖ ਵਾਲੇ ਸਿਠਣੀਆਂ ਬੋਲਦੇ ਹਨ, ਇਹਨਾਂ ਗੀਤਾਂ ਵਿੱਚ ਹਾਸ ਰਸ ਤੇ ਵਿਅੰਗ ਹੁੰਦਾ ਹੈ ਅਤੇ ਲਾੜੇ, ਉਸਦੇ ਅੰਗ ਸਾਕਾ ਤੇ ਬਰਾਤੀਆਂ ਦਾ ਹਾਸਾ-ਠੱਠਾ ਉਡਾਇਆ ਜਾਂਦਾ ਹੈ, ਪਰ ਇਹਨਾਂ ਗੀਤਾਂ ਦਾ ਕੋਈ ਬੁਰਾ ਨਹੀਂ ਮਨਾਉਂਦਾ"* [6]

'ਸਿਠਣੀ' ਦੇ ਲੇਖਕ ਦਾ ਨਾਮ ਗੁੰਮਨਾਮ ਹੁੰਦਾ ਹੈ। ਪੰਜਾਬੀਆਂ ਦੇ ਖੁੱਲੇ-ਡੁੱਲੇ ਸੁਭਾਅ ਅਨੁਸਾਰ ਹਰ ਵਿਅਕਤੀ ਸਮੇਂ ਦੇ ਅਨਕੂਲ ਇਸ ਵਿੱਚ ਵਾਧਾ ਘਾਟਾ ਕਰਦਾ ਰਹਿੰਦਾ ਹੈ। ਡਾਕਟਰ ਨਾਹਰ ਸਿੰਘ ਅਨੁਸਾਰ

*"ਸਿੱਠਣੀ ਵਿਆਹ ਵੇਲੇ ਧੀ ਵਾਲੀ ਧਿਰ ਵੱਲੋਂ ਪੁੱਤ ਵਾਲੀ ਧਿਰ ਨੂੰ ਸਿੱਧਾ ਸੰਬੋਧਨ, ਕਾਟਵੇਂ ਵਿਅੰਗ ਅਤੇ ਮਸ਼ਕਰੀ ਭਰਿਆ ਪ੍ਰਕਾਰਜ ਗੀਤ ਹੈ, ਜਿਸ ਵਿੱਚ ਅਸਧਾਰਨ ਬਿੰਬ ਸਿਰਜ ਕੇ ਨੈਤਿਕ ਜੀਵਨ ਮੁੱਲਾਂ ਨੂੰ ਅਨੈਤਿਕ ਬਣਾ ਕੇ ਪੁੱਤ ਵਾਲੀ ਧਿਰ ਨਾਲ ਸੰਬੰਧਿਤ ਕਰਕੇ ਚੋਟ ਮਾਰੀ ਜਾਂਦੀ ਹੈ ਤੇ ਦੂਜੀ ਧਿਰ ਨੂੰ ਨੈਤਿਕ ਪੱਧਰ ਤੇ ਠਿੱਠ ਕਰਕੇ ਹੱਸਿਆ ਜਾਂਦਾ ਹੈ।"* [7]

ਇਸੇ ਤਰ੍ਹਾਂ ਡਾਕਟਰ ਵਣਜਾਰਾ ਬੇਦੀ ਦਾ ਕਹਿਣਾ ਹੈ ਕਿ,

*"ਸਿਠਣੀਆਂ ਵਿੱਚ ਕੰਨਿਆ ਪੱਖ ਦੀਆਂ ਤੀਵੀਆਂ ਵਰ ਪੱਖ ਦਾ ਮਜਾਕ ਉਡਾਉਂਦੀਆਂ, ਟਿਚਕਰਾਂ ਅਤੇ ਉਹਨਾਂ ਦੀਆਂ ਤਰੁਟੀਆਂ ਦੀ ਭੰਡੀ ਪਾਉਂਦੀਆਂ ਹਨ।"* [8]

*ਸਿੱਠਣੀ ਦਾ ਸੁਭਾਅ ਪੰਜਾਬੀਆਂ ਦੇ ਸੁਭਾਅ ਨਾਲ ਮਿਲਦਾ ਜੁਲਦਾ ਹੈ। ਉਹ ਘਰ ਆਏ ਮਹਿਮਾਨਾਂ ਦੀ ਬਹੁਤ ਆਓ ਭਗਤ ਕਰਦੇ ਹਨ ਤੇ ਉਹਨਾਂ ਨੂੰ ਰੱਜਵੀਂ ਇੱਜਤ ਦਿੰਦੇ ਹੈ।*

ਸਿੱਠਣੀਆਂ ਵਿੱਚ ਹਾਸੇ ਮਜ਼ਾਕ ਵਿਚ ਮੁੰਡੇ ਵਾਲਿਆਂ ਦੇ ਲੀੜੇ ਕੱਪੜੇ,

ਉਹਨਾਂ ਦੇ ਖਾਣ ਪੀਣ ਦੀਆਂ ਆਦਤਾਂ ਅਤੇ ਉਹਨਾਂ ਦੇ ਰੰਗ ਰੂਪ ਨੂੰ ਵੀ ਵਿਸ਼ਾ ਬਣਾਇਆ ਜਾਂਦਾ ਹੈ। ਲਾੜੇ ਦੇ ਮਾਂ ਪਿਓ ਤੇ ਰਿਸ਼ਤੇਦਾਰਾਂ ਦੀ ਸਰੀਰਕ ਬਣਤਰ, ਉਹਨਾਂ ਦੇ ਪਿਛੋਕੜ, ਮੁੰਡੇ ਵਾਲਿਆਂ ਦੇ ਘਰ ਦੀ ਕੰਜੂਸੀ, ਆਲਸ ਅਤੇ ਮੂਰਖਤਾ ਨੂੰ ਵੀ ਸਿੱਠਣੀਆਂ ਵਿੱਚ ਵਰਤ ਲਿਆ ਜਾਂਦਾ ਹੈ ਜਿਵੇਂ:-

ਬਾਰਾਂ ਮਹੀਨੇ ਅਸੀਂ ਤੱਕਣ ਤੱਕਿਆ।
ਫੇਰ ਵੀ ਲਾੜਾ ਤੁਸੀਂ ਕਾਲਾ ਹੀ ਰੱਖਿਆ।
ਸਾਬਣ ਲਾਣਾ ਸੀ।
ਸਾਬਣ ਲਾਣਾ ਸੀ।
ਨਲੱਜਿਓ, ਲੱਜ ਤੁਹਾਨੂੰ ਨਹੀਂ

ਸਿੱਠਣੀਆਂ ਵਿੱਚ ਆਮ ਤੌਰ ਤੇ ਮੁੰਡੇ ਵਾਲਿਆਂ ਦੀਆਂ ਖਾਣ ਪੀਣ ਦੀਆਂ ਆਦਤਾਂ ਉੱਤੇ ਵੀ ਵਿਅੰਗ ਕੀਤਾ ਜਾਂਦਾ ਹੈ, ਉਸਦਾ ਅੱਧੀ ਰਾਤ ਉਠ -ਉਠ ਕੇ ਖਾਣ ਵਾਲੀ ਆਦਤ ਦਾ ਮਖੌਲ ਉਡਾਇਆ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਇਸ ਨੂੰ ਜਿਆਦਾ ਖਾਣ ਦੀ ਆਦਤ ਕਾਰਨ ਇਸ ਦਾ ਥੋੜੇ ਖਾਣੇ ਨਾਲ ਕੁਝ ਨਹੀਂ ਬਣ ਸਕਦਾ, ਜਿਵੇਂ

ਜਾਂਝੀਆਂ ਨੂੰ ਖਲ ਕੁੱਟ ਦਿਓ,
ਜਿੰਨਾ ਤੌਣ ਪੱਚੀ ਸੇਰ ਖਾਣਾ

ਆਪਣੀ ਲਾਡਲੀ ਧੀ ਦੀ ਸਿਫਤ ਕਰਦੀਆਂ ਸ਼ਰੀਕੇ ਦੀਆਂ ਔਰਤਾਂ ਆਪਣੀ ਲਾਡਲੀ ਧੀ ਦੇ ਚੰਗਾ ਖਾਣ ਪੀਣ ਦੀ ਸਿਫਤ ਕਰਦੀਆਂ ਹਨ ਤੇ ਕਹਿੰਦੀਆਂ ਹਨ ਕਿ ਉਹਨਾਂ ਦੀ ਲਾਡਲੀ ਧੀ ਨੂੰ ਰੋਟੀ ਖਾਣ ਪਿੱਛੋਂ ਖੀਰ ਚੰਗੀ ਲੱਗਦੀ ਹੈ, ਅਤੇ ਕਹਿੰਦੀਆਂ ਹਨ ਕਿ ਉਹਨਾਂ ਦੀ ਧੀ ਚੰਗੇ ਪਦਾਰਥ ਕਿਉਂ ਨਾ ਖਾਵੇ ਕਿਉਂਕਿ ਉਸਦਾ ਪਿਤਾ ਰਾਜਿਆਂ ਦਾ ਵਜ਼ੀਰ ਭਾਵ ਅਮੀਰ ਆਦਮੀ ਹੈ :-

ਬੀਬੀ ਲਾਡਲੀ ਨੀ ਰੋਟੀ ਪਿੱਛੋਂ ਮੰਗੇ ਖੀਰ
ਬੀਬੀ ਦਾ ਬਾਪੂ ਇੰਜ ਬੈਠਾ, ਜਿਉ ਰਾਜਿਆਂ ਵਿੱਚ ਵਜ਼ੀਰ।

ਜਾਂਝੀਆਂ ਦੀ ਲਾਜ ਸ਼ਰਮ ਦੇ ਭਾਵ ਨੂੰ ਲਾੜੇ ਦੇ ਰੰਗ ਰੂਪ, ਉਸ ਦੇ ਕਾਲੇ ਰੰਗ, ਭੁੱਖ ਲੱਗਣ ਤੇ ਲਾੜੇ ਦਾ ਬੁੱਲੀਆਂ ਕੱਢ ਕੇ ਰੋਣਾ, ਜੰਞ ਦਾ ਦਾ ਬਿਨਾ ਵਾਜਿਆਂ ਗਾਜਿਆਂ ਤੋਂ ਆਉਣਾ, ਆਦਿ ਗੱਲਾਂ ਕਹਿ ਕੇ ਜਾਂਝੀਆਂ ਨੂੰ ਟੁੰਬਿਆ ਜਾਂਦਾ ਹੈ ਜਿਵੇਂ:-

ਕੋਰੀ ਤਾਂ ਤੌੜੀ ਅਸਾਂ ਰਿਨੀਆ ਗੁੱਲੀਆਂ,
ਭੁੱਖ ਤਾਂ ਲੱਗੀ ਲਾੜੇ ਕੱਢੀਆਂ ਬੁੱਲੀਆਂ,
ਰੋਟੀ ਖਵਾਉਣੀ ਪਈ,
ਨਾ ਲੱਜਿਓ ਲੱਜ ਤੁਹਾਨੂੰ ਨਹੀਂ।

ਵਿਆਹ ਸਮੇਂ ਨਾਨਕਿਆਂ ਦਾਦਕਿਆਂ ਦੁਆਰਾ ਇੱਕ ਦੂਜੇ ਨੂੰ ਸਿੱਠਣੀਆਂ ਦੇ ਕੇ ਹਾਸਾ ਮਖੌਲ ਕੀਤਾ ਜਾਂਦਾ ਹੈ। ਜਦੋਂ ਨਾਨਕਾ ਮੇਲ ਆਉਂਦਾ ਹੈ ਤਾਂ ਉਨਾਂ ਵੱਲੋਂ ਆਪਣੀ ਧੀ ਨੂੰ( ਵਿਆਹ ਵਾਲੇ ਮੁੰਡੇ ਦੀ ਮਾਂ )ਨੂੰ ਚੰਗੇ ਅਮੀਰ ਸਰਦਾਰਾਂ ਦੀ ਧੀ ਅਤੇ ਮੁੰਡੇ ਤੇ ਪਿਓ ਨੂੰ ਗਰੀਬ ਕਹਿ ਕੇ ਉਸ ਨਾਲ ਹਾਸਾ ਮਖੌਲ ਕੀਤਾ ਜਾਂਦਾ ਹੈ ਤੇ ਸਿੱਠਣੀਆਂ ਰਾਹੀਂ ਆਪਣੇ ਮਨ ਦੇ ਭਾਵਾਂ ਨੂੰ ਉਜਾਗਰ ਕੀਤਾ ਜਾਂਦਾ ਹੈ ਜਿਵੇਂ :-

ਆਏ ਨੀ ਮਨਜੀਤ ਕੁਰੇ ਤੇਰੜੇ ਵੀਰ, ਤੇਰੜੇ ਵੀਰ,
ਹੇਠਾਂ ਘੋੜੇ ਸਦੋਂ ਵਜ਼ੀਰ
ਆਏ ਵੇ ਮੰਦਰ ਸਿਆਂ ਤੇਰੜੇ ਵੀਰ ਤੇਰੜੇ ਵੀਰ,
ਪਾਟੀਆਂ ਘਾਈਆਂ ਲਮਕੇ ਲੀਰ

ਦਾਦਕਿਆਂ ਵੱਲੋਂ ਨਾਨਕਿਆਂ ਦੇ ਸਵਾਗਤ ਸਮੇਂ ਸਾਰੇ ਪਿੰਡ ਦੀਆਂ ਜਨਾਨੀਆਂ ਇਕੱਠੀਆਂ ਹੋ ਕੇ ਇੱਕ ਦੂਜੇ ਨੂੰ ਸਿੱਠਣੀਆਂ ਦਿੰਦੀਆਂ ਹਨ, ਜਿਸ ਨਾਲ ਉਨਾਂ ਦੇ ਖੁੱਲੇ ਡੁੱਲੇ ਸੁਭਾਅ ਦਾ ਉਘੜਵੇਂ ਰੂਪ ਵਿੱਚ ਪ੍ਰਗਟਾਵਾ ਹੁੰਦਾ ਹੈ ਜਿਵੇਂ:-

ਹੁਣ ਕਿੱਧਰ ਗਈਆਂ ਨੀ ਬੀਬੀ ਤੇਰੀਆਂ ਨਾਨਕੀਆਂ,
ਅਸੀਂ ਹਾਜ਼ਰ ਖੜੀਆਂ ਨੀ ਬੀਬੀ ਤੇਰੀਆਂ ਨਾਨਕੀਆ
ਖਾਧੀ ਸੀ ਪੰਜੀਰੀ, ਜੰਮੀ ਸੀ ਟੀਰੀ,
ਉਹ ਤਾਂ ਟੀਰੀ ਕਢਾਵਨ ਗਈਆਂ ਨੀ ਬੀਬੀ ਤੇਰੀਆਂ ਨਾਨਕੀਆਂ।

ਅੱਗੋਂ ਨਾਨਕੀਆਂ ਵੀ ਆਪਣੇ ਆਪ ਨੂੰ ਘੱਟ ਨਹੀਂ ਸਮਝਦੀਆਂ ਉਹ ਵੀ ਮੌਕੇ ਦੀ ਨਜਾਕਤ ਨੂੰ ਦੇਖਦੀਆਂ ਆਪਣੇ ਮਨ ਦੇ ਹਾਵ- ਭਾਵ ਇਸ ਤਰ੍ਹਾਂ ਪ੍ਰਗਟ ਕਰਦੀਆਂ ਹਨ :-

ਛੱਜ ਉਹਲੇ ਛਾਨਨੀ,
ਪਰਾਂਤ ਉਹਲੇ ਤਵਾ ਓਏ,
ਦਾਦਕਿਆਂ ਦਾ ਮੇਲ ਆਇਆ,
ਸੂਰੀਆਂ ਦਾ ਰਵਾ ਓਏ।

ਜਦੋਂ ਨਾਨਕਾ ਮੇਲ ਵਿਆਹ ਵਾਲੇ ਘਰ ਦੇ ਅੰਦਰ ਪ੍ਰਵੇਸ਼ ਕਰਦਾ ਹੈ ਤਾਂ ਵਿਆਹ ਵਾਲੀ ਮੁੰਡੇ ਦੀਆਂ ਚਾਚੀਆਂ, ਤਾਈਆਂ, ਭੂਆ ਆਦਿ ਨੂੰ ਉਲਾਂਭੇ ਦੇ ਰੂਪ ਵਿੱਚ ਕਹਿੰਦੀਆਂ ਹਨ:-

ਸਾਨੂੰ ਆਈਆਂ ਨੂੰ ਮੰਜੇ ਨਾ ਡਾਹੇ
ਚੱਲੋ ਭੈਣੇ ਮੁੜ ਚੱਲੀਏ
ਅੱਗੋਂ ਦਾਦਕੀਆਂ ਕਹਿੰਦੀਆਂ ਹਨ:-
ਥੋਨੂੰ ਆਈਆਂ ਨੂੰ ਲੇਫ ਤਲਾਈਆਂ
ਨੀ ਭੈਣੇ ਜੀ ਆਇਆਂ ਨੂੰ

ਨਾਨਕੀਆਂ ਆਪਣੀ ਧੀ (ਵਿਆਹ ਵਾਲੇ ਮੁੰਡੇ ਦੀ ਮਾਂ) ਨੂੰ ਕਹਿੰਦੀਆਂ ਹਨ ਕਿ:-

ਉਡਦੀ ਵਾੜ ਦੇ ਛਾਫੇ,
ਆਜਾ ਭੈਣੇ ਸਰਦਲ ਤੇ ਤੇਲ ਚੋਦੇ ਨੀ,
ਆਗੇ ਤੇਰੇ ਮਾਪੇ

ਇੱਕ ਹੋਰ ਸਿਠਣੀ ਦਿੰਦੀਆਂ ਕਹਿੰਦੀਆਂ ਹਨ :-

ਅੰਦਰੋਂ ਨਿਕਲ ਭੈਣ ਜੀ ਨੀ ਵੀਰ ਤੇਰੇ ਆਏ,
ਭਾਬੀਆਂ ਸ਼ੈਲ ਛਬੀਲੀਆਂ ਨੀ ਵੀਰ ਅੰਮਾਂ ਦੇ ਜਾਏ

ਨਾਨਕੀਆਂ ਵੱਲੋਂ ਜਦੋਂ ਪਿੰਡ ਵਿੱਚ ਜਾਗੋ ਕੱਢੀ ਜਾਂਦੀ ਹੈ ਤਾਂ ਪਿੰਡ ਵਾਲਿਆਂ ਦੇ ਸੁਭਾਅ, ਉਨਾਂ ਦੇ ਰਹਿਣ ਸਹਿਣ ਦੇ ਢੰਗ, ਉਹਨਾਂ ਦੀ ਸ਼ਕੀਨੀ ਆਦਿ ਨੂੰ ਵੀ ਨਿਸ਼ਾਨਾ ਬਣਾਇਆ ਜਾਂਦਾ ਹੈ :-

ਆਉਂਦੀ ਭੈਣੇ ਜਾਂਦੀ ਭੈਣੇ,
ਚੱਕ ਲਿਆ ਬਾਜ਼ਾਰ ਵਿੱਚੋਂ ਛੈਣੇ,
ਨੀ ਇਥੋਂ ਦੇ ਸ਼ਕੀਨ ਗੱਭਰੂ
ਚਿੱਟੇ ਚਾਦਰੇ ਜਮੀਨਾਂ ਗਹਿਣੇ

ਵਿਆਹ ਵਾਲੇ ਮੁੰਡੇ ਦੀ ਚਾਚੀ ਤਾਈ ਨੂੰ ਸੰਬੋਧਿਤ ਕਰਕੇ ਕਿਹਾ ਜਾਂਦਾ ਹੈ :-

ਆਉਂਦੀ ਭੈਣੇ ਜਾਂਦੀ ਭੈਣੇ ਚੱਕ ਲਿਆ ਬਾਜ਼ਾਰ ਵਿੱਚੋਂ ਡ੍ਰਨਾ,
ਨੀ ਮੂਹਰੇ ਪੈ ਜਾ ਡਾਕਦਾਰ ਦੇ, ਤੇਰੇ ਢਿੱਡ ਦਾ ਪਰੇਸ਼ਨ ਕਰਨਾ।
ਇਸ ਦੇ ਨਾਲ ਸੰਬੰਧਿਤ ਇੱਕ ਹੋਰ ਸਿੱਠਣੀ ਦਿੱਤੀ ਜਾਂਦੀ ਹੈ :-
ਆਉਂਦੀ ਭੈਣੇ ਜਾਂਦੀ ਭੈਣੇ ਚੱਕ ਲਿਆ ਸੜਕ ਤੋਂ ਰੋੜੇ
ਨੀ ਮੁੰਡਾ ਬੰਨੇ ਹੱਥ ਤੇ ਘੜੀ, ਮਾਂ ਮਰਗੀ ਫੀਮ ਦੇ ਤੋੜੇ .........
ਆਉਂਦੀ ਭੈਣੇ ਜਾਂਦੀ ਭੈਣੇ ਭਰਲਾ ਟੋਕਰਾ ਨੜਿਆਂ ਦਾ
ਕਿੱਥੇ ਲਾਹੇਗੀ ਕਿੱਥੇ ਲਾਹੇਗੀ ਨੀ ਇਹ ਪਿੰਡ ਛੜਿਆਂ ਦਾ
ਆਉਂਦੀ ਭੈਣੇ ਜਾਂਦੀ ਭੈਣੇ ਭਿਉਂ ਬੱਠਲਾਂ ਵਿੱਚ ਦਾਣਾ
ਨੀ ਇਥੋਂ ਦੀਆਂ ਰੋਣ ਕੁੜੀਆਂ ਅਸੀਂ ਨਾਨਕੇ ਮੇਲ ਨਾਲ ਜਾਣਾ
ਆਉਂਦੀ ਭੈਣੇ ਜਾਂਦੀ ਭੈਣੇ ਚੱਕ ਲਿਆ ਬਾਜ਼ਾਰ ਵਿੱਚੋਂ ਦੋਹਨਾ,
ਨੀ ਇਥੋਂ ਦੀਆਂ ਰੋਣ ਕੁੜੀਆਂ ਮੁੰਡਾ ਨਾਨਕੇ ਮੇਲ ਵਿੱਚ ਸੋਹਣਾ

ਮਾਲਵੇ ਵਿੱਚ ਡੋਲੀ ਤੋਰਨ ਤੋਂ ਥੋੜਾ ਸਮਾਂ ਪਹਿਲਾਂ ਲਾੜੇ ਦੇ ਭਰਾਵਾਂ ਤੇ ਉਸਦੇ ਦੋਸਤਾਂ ਨੂੰ ਮਠਿਆਈ ਖਵਾਈ ਜਾਂਦੀ ਹੈ, ਜਿਸ ਨੂੰ ਮੱਠੜੀਆਂ ਚਬਾਉਣ ਦੀ ਰਸਮ ਕਿਹਾ ਜਾਂਦਾ ਹੈ। ਜਿਸ ਵਿੱਚ ਲਾੜੇ ਨਾਲ ਭਰਪੂਰ ਹਾਸਾ ਠੱਠਾ ਕੀਤਾ ਜਾਂਦਾ ਹੈ ਤੇ ਉਸਦੀ ਭੈਣ ਤੇ ਹੋਰ ਰਿਸ਼ਤੇਦਾਰਾਂ ਉੱਤੇ ਵਿਅੰਗ ਕਸੇ ਜਾਂਦੇ ਹਨ :-

ਚੱਬ ਚੱਬ ਵੇ ਲਾੜਿਆ ਮੱਠੜੀਆਂ
ਤੇਰੀ ਭੈਣ ਫਰੇਦੀ ਹੱਟੜੀਆਂ ...

ਚੱਬ ਚੱਬ ਵੇ ਲਾੜਿਆ ਜਿਉ ਵੇ ਹਰੇ
ਤੇਰੀ ਭੈਣ ਨੇ ਕੀਤੇ ਨੌਂ ਵੇ ਛੜੇ

ਵਿਚੋਲੇ ਨੂੰ ਸੰਬੰਧਿਤ ਵੀ ਬਹੁਤ ਸਾਰੀਆਂ ਸਿੱਠਣੀਆਂ ਬੋਲੀਆਂ ਜਾਂਦੀਆਂ ਹਨ :-

ਕੁੜਮੋ- ਕੁੜਮੀ ਵਰਤਣਗੇ
ਵਿਚੋਲੇ ਬੈਠੇ ਤਰਸਣਗੇ
ਮੱਕੀ ਦਾ ਦਾਣਾ ਕੋਠੇ ਤੇ
ਵਿਚੋਲੇ ਨੂੰ ਚੜਾ ਦਿਓ ਝੋਟੇ ਤੇ
ਮੱਕੀ ਦਾ ਦਾਣਾ ਕਾਂ ਕੋਲੇ
ਵਿਚੋਲਾ ਰੋਵੇ ਮਾਂ ਕੋਲੇ

ਬਰਾਤ ਵਿੱਚ ਆਏ ਹੋਰ ਬਰਾਤੀਆਂ, ਜਿਵੇਂ ਕਿ ਪਿੰਡ ਦੇ ਮੋਅਤਬਾਰ ਬੰਦੇ ਆਦਿ ਨੂੰ ਵੀ ਨਿਸ਼ਾਨਾ ਬਣਾ ਲਿਆ ਜਾਂਦਾ ਹੈ :-

ਇਕ ਵਲ ਵਲਟੋਹੀ ਪਾਣੀ ਦੀ, ਲੱਪ ਕੁ ਪਾਈ ਦਾਲ,
ਇਹ ਕਿਹੜਾ ਹਰਾਮੀ ਆਇਆ ਨੀ ਧੜੰਮ ਮਾਰੀ ਛਾਲ
ਇਹ ਕਰਮ ਸਿੰਘ ਹਰਾਮੀ ਆਇਆ ਨੀ ਧੜੰਮ ਮਾਰੀ ਛਾਲ

ਮੈਂ ਫੜਦੀ ਫੜਦੀ ਰਹਿਗੀ
ਨੀ ਉਹ ਗੋਤੇ ਖਾ ਗਿਆ ਚਾਰ
ਨੀ ਏ ਕਿਹੜਾ ਹਰਾਮੀ ਆਇਆ
ਨੀ ਧੜੰਮ ਮਾਰੀ ਛਾਲ
ਮੈਂ ਮੁੱਛਾਂ ਤੋਂ ਫੜ ਕੇ ਕੱਢਿਆ

ਵੇ ਨਿਕਲ ਯੱਦੜਾ ਬਾਹਰ

ਇਹ ਕਿਹੜਾ ਹਰਾਮੀ ਆਇਆ ਨੀ

ਧੜੱਮ ਮਾਰੀ ਛਾਲ

ਮਾਸੜ ਆਇਆ ਮੁੰਡੇ ਨੂੰ ਵਿਆਹੁਣ

ਮਾਸੀ ਨੂੰ ਛੱਡ ਆਇਆ ਸੂਕਣ ਨੂੰ

ਬਰੂਟਾ ਲਾਤਾ ਝੂਟਣ ਨੂੰ

ਕੁੱਜਾ ਦੇ ਗਿਆ ਮੂਤਣ ਨੂੰ .

ਲਾੜੇ ਦੇ ਦੋਸਤਾਂ ਦੇ ਰੰਗ ਰੂਪ ਉਹਨਾਂ ਦੇ ਪਹਿਰਾਵੇ ਤੇ ਵੀ ਚੋਬਾਂ ਲਾਈਆਂ ਜਾਂਦੀਆਂ ਹਨ। ਜਿਨਾਂ ਵਿੱਚ ਸਰਬਾਲੇ ਨੂੰ ਵੀ ਬਖਸ਼ਿਆ ਨਹੀਂ ਜਾਂਦਾ:-

ਟੇਢੇ ਚੀਰ ਵਾਲਿਆ ਵੇ ਤੇਰੇ ਸਿਰ ਵਿੱਚ ਜਾਂਦੀ ਜੂੰ

ਹੋਰਾਂ ਨੇ ਛੱਡੀਆਂ ਗੋਰੀਆਂ ਵੇ ਤੇਰੀ ਗੋਰੀ ਨੇ ਛੱਡਿਆ ਤੂੰ

ਲਾੜੇ ਦੇ ਘਰ ਦੀਆਂ ਸ਼ਰੀਕਣਾਂ ਤੇ ਮੇਲਣਾ -ਗੇਲਣਾ ਮਿਲ ਕੇ ਰੋਟੀ ਖਾ ਰਹੇ ਜਾਂਜੀਆਂ ਨੂੰ ਆਪਣੇ ਦਿਲ ਦੇ ਗੁਭ ਗਲਾ੍ਟ ਕੱਢ ਕੇ ਆਪਣੇ ਮਖੌਲ ਦੇ ਪਾਤਰ ਬਣਾਉਂਦੀਆਂ ਹਨ ਤੇ ਕਹਿੰਦੀਆਂ ਹਨ :-

ਕੀ ਗੱਲ ਪੁੱਛਾਂ ਲਾੜਿਆ, ਵੇ ਕੀ ਗੱਲ ਪੁੱਛਾਂ ਵੇ,

ਨਾ ਤੇਰੇ ਦਾੜੀ ਭੌਂਦੂਆ ਵੇ ਨਾ ਤੇਰੇ ਮੁੱਛਾਂ ਵੇ,

ਬੋਕ ਦੀ ਲਾ ਲੈ ਦਾੜੀ ਚੂਹੇ ਦੀਆਂ ਮੁੱਛਾਂ ਵੇ।

ਵਿਆਹ ਵੇਲੇ ਕੁੜੀ ਦੇ ਘਰ ਇਕੱਠੀਆਂ ਹੋਈਆਂ ਸ਼ਰੀਕਣਾ ਤੇ ਮੇਲਣਾ ਸਿੱਠਣੀਆਂ ਦੁਆਰਾ ਕੁੜਮ ਦਾ ਮਖੌਲ ਉਡਾਉਂਦੀਆਂ ਹੋਈਆਂ ਕਹਿੰਦੀਆਂ ਹਨ :-

ਸਭ ਗੈਸ ਬੁਝਾ ਦਿਓ ਜੀ ਸਾਡਾ ਕੁੜਮ ਬੈਂਟਰੀ ਵਰਗਾ,

ਸਭ ਮਿਰਚਾਂ ਘੋਟੋ ਜੀ ਸਾਡਾ ਕੁੜਮ ਘੋਟਣੇ ਵਰਗਾ,

ਮਣ ਮੱਕੀ ਪਿਹਾ ਲੋ ਜੀ, ਸਾਡਾ ਕੁੜਮ ਵਹਿੜਕੇ ਵਰਗਾ।

ਪੰਜਾਬੀ ਸੱਭਿਆਚਾਰ ਅਨੁਸਾਰ ਸਿੱਠਣੀ ਦੇਣ ਦਾ ਰਿਵਾਜ਼ ਬਹੁਤ ਪੁਰਾਣਾ ਹੈ। ਪੁਰਾਣੇ ਵਿਆਹਾਂ ਵਿੱਚ ਭੰਡ, ਮਰਾਸੀ ਆਦਿ ਵੀ ਲੋਕਾਂ ਦਾ ਮਨੋਰੰਜਨ ਕਰਦੇ ਸਨ। ਪੰਜਾਬੀ ਕਿੱਸਿਆਂ ਵਿੱਚ ਵੀ ਸਿੱਠਣੀ ਦੇਣ ਦਾ ਰਿਵਾਜ ਪ੍ਰਚੱਲਿਤ ਸੀ। ਮੁਕਬਲ ਦੇ ਕਿੱਸੇ ਵਿੱਚ ਔਰਤਾਂ ਵੱਲੋਂ ਲਾੜੇ ਨੂੰ ਅੰਦਰ ਸੱਦਿਆ ਜਾਂਦਾ ਹੈ ਤੇ ਕੁੜੀਆਂ ਲਾੜੇ ਨੂੰ ਛੇੜਾਂ ਕਰਦੀਆਂ ਹਨ ਮਜ਼ਾਕ ਕਰਦੀਆਂ ਹਨ ਅਤੇ ਢੋਲ ਦੇ ਡਗੇ ਤੇ ਲਾੜੇ ਨੂੰ ਸਿੱਟਣੀਆਂ ਦਿੰਦੀਆਂ ਹਨ :-

ਸੱਦ ਡੂਮਣੀ ਨੂੰ ਸ਼ੱਕਰ ਦੇ ਮਲਕੀ

ਕਹਿੰਦੀ ਨੀਗਰੇ ਨੂੰ ਸੱਦ ਲਿਆਓ ਖਾ ਨੀ

ਹੱਥ ਹੀਰ ਦੇ ਜਾਇ ਕੇ ਪਾਓ ਛੱਲਾ

ਰੰਗਾਂ ਰੰਗ ਦੇ ਗਾਵਣੇ ਗਾਓ ਖਾ ਨੀ

ਦੀਵਾ ਛਾਨਣੀ ਦੇ ਵਿੱਚ ਬਾਲ ਰੱਖੋ

ਮਨਭਾਉਂਦੇ ਸ਼ਗਨ ਮਨਾਓ ਖਾ ਨੀ

ਦਿਓ ਸਿੱਠਣੀਆਂ ਢੋਲ ਵਜਾਇ ਕੇ ਨੀ

ਮੁਕਬਲ ਇਸ਼ਕ ਦੀ ਗੱਲ ਸੁਣਾਓ ਖਾ ਨੀ

ਸਮੁੱਚੇ ਤੌਰ ਤੇ ਉਪਰੋਕਤ ਵਿਸ਼ਲੇਸ਼ਣ ਇਹ ਗੱਲ ਸਪਸ਼ਟ ਕਰਦਾ ਹੈ ਕਿ ਸਿਠਣੀ ਪੰਜਾਬੀ ਸੱਭਿਆਚਾਰ ਪਰੰਪਰਾ ਦੀ ਤਰਜਮਾਨੀ ਕਰਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ। ਇਸ ਵਿੱਚ ਲੋਕ ਮਨ ਲੋਕ ਸੰਸਕ੍ਰਿਤੀ ਅਤੇ ਪਰੰਪਰਾ ਦੀ ਗੱਲ ਹੋਣ ਕਰਕੇ ਇਹ ਲੋਕਾਂ ਦੇ ਹਿਰਦੇ ਵਿੱਚ ਵਸੀ ਹੋਈ ਹੈ। ਪੰਜਾਬੀਆਂ ਦੇ ਖੁੱਲੇ ਡੁੱਲੇ ਸੁਭਾਅ ਅਨੁਸਾਰ ਹਰ ਵਿਅਕਤੀ ਸਮੇਂ ਸਮੇਂ ਇਸ ਵਿੱਚ ਅੱਖਰਾਂ ਜਾਂ ਤੁੱਕਾਂ ਨੂੰ ਵਧਾਉਦਾ ਜਾਂ ਘਟਾਉਂਦਾ ਰਹਿੰਦਾ ਹੈ। ਸਿਠਣੀ ਕਾਵਿ ਰੂਪ ਆਪਣੀ ਪ੍ਰਕਿਰਤੀ ਅਤੇ ਸਮੇਂ ਅਨੁਸਾਰ ਬਦਲਦਾ ਰਹਿੰਦਾ ਹੈ। ਇਹ ਪੰਜਾਬੀਆਂ ਦੇ ਹਾਸੇ -ਠੱਠੇ ਵਾਲੇ ਸੁਭਾਅ ਦੇ ਅਨਕੂਲ ਨਾਲ ਨਾਲ ਲੋਕ ਮਨ ਦੀਆਂ ਅਣਗੌਲੀਆਂ ਡੂੰਘੀਆਂ ਪਰਤਾਂ ਨੂੰ ਉਜਾਗਰ ਕਰਦੀਆਂ ਹਨ। ਪਰ ਚਿੰਤਾ ਵਾਲੀ ਗੱਲ ਇਹ ਹੈ ਕਿ ਇਹਨਾਂ ਦਾ ਰੂਪ ਬਦਲ ਰਿਹਾ ਹੈ ਅਤੇ ਹੌਲੀ ਹੌਲੀ ਇਹ ਪੰਜਾਬੀ ਸੱਭਿਆਚਾਰ ਵਿੱਚੋਂ ਆਲੋਪ ਹੁੰਦੀਆਂ ਜਾ ਰਹੀਆਂ ਹਨ। ਸਿੱਠਣੀਆਂ ਦਾ ਸਾਡੇ ਕੋਲ ਬਹੁਤ ਵੱਡਾ ਭੰਡਾਰ ਹੈ ਪਰ ਇਹਨਾਂ ਨੂੰ ਸਾਂਭਣ ਦੀ ਬਹੁਤ ਲੋੜ ਹੈ। ਸਾਨੂੰ ਚਾਹੀਦਾ ਹੈ ਕਿ ਆਪਣੇ ਬੱਚਿਆਂ ਨੂੰ ਆਪਣੇ ਅਮੀਰ ਸੱਭਿਆਚਾਰ ਦੇ ਕਾਵਿ ਰੂਪ ਸਿੱਠਣੀ ਬਾਰੇ ਦੱਸੀਏ ਅਤੇ ਵਿਆਹਾਂ ਦੇ ਮੌਕੇ ਤੇ ਰਲ ਮਿਲ ਕੇ ਸਿੱਠਣੀਆਂ ਦਾ ਗਾਉਣ ਗਾਈਏ।

## ਹਵਾਲੇ ਅਤੇ ਟਿੱਪਣੀਆਂ


1. *ਪ੍ਰੋ: ਬਲਵੀਰ ਸਿੰਘ ਪੂਨੀ, ਪੰਜਾਬੀ ਲੋਕ ਧਾਰਾ ਤੇ ਸੱਭਿਆਚਾਰ, ਵਾਰਿਸ ਸ਼ਾਹ ਫਾਊਂਡੇਸ਼ਨ, 2018, ਪੰਨਾ: 5.*
2. *ਡਾ: ਜੀਤ ਸਿੰਘ ਜੋਸ਼ੀ, ਸੱਭਿਆਚਾਰ ਅਤੇ ਲੋਕ ਧਾਰਿ ਦੇ ਮੂਲ ਸਰੋਕਾਰ, ਲਾਹੌਰ ਬੁੱਕ ਸ਼ਾਪ ਲੁਧਿਆਣਾ, 2010, ਪੰਨਾ: 223.*

3. ਡਾ: ਸੁਦਰਸ਼ਨ ਗਾਸੋ, ਪੰਜਾਬੀ ਸੱਭਿਆਚਾਰ ਸਿਧਾਂਤ ਤੇ ਸਰੂਪ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ ਲੁਧਿਆਣਾ, ਪੰਨਾ: 126.
4. ਡਾ: ਨਹਰ ਸਿੰਘ, ਲੋਕ ਕਾਵਿ ਦੀ ਸਿਰਜਣ ਪ੍ਰਕਿਰਿਆ, ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ 2006, ਪੰਨਾ: 85.
5. ਡਾ: ਨਾਹਰ ਸਿੰਘ, ਰੜੇ ਭੰਬਰੀ ਬੋਲੇ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2016, ਪੰਨਾ: 3.
6. ਵਣਜਾਰਾ ਬੇਦੀ, ਪੰਜਾਬੀ ਲੋਕ ਧਾਰਾ ਵਿਸ਼ਵਕੋਸ਼, ਪੰਨਾ: 263.
7. ਡਾ: ਨਾਹਰ ਸਿੰਘ, ਲੋਕ ਕਾਵਿ ਦੀ ਸਿਰਜਣ ਪ੍ਰਕਿਰਿਆ, ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ 2006, ਪੰਨਾ: 20.
8. ਵਣਜਾਰਾ ਬੇਦੀ, ਪੰਜਾਬੀ ਲੋਕ ਧਾਰਾ ਵਿਸ਼ਵਕੋਸ਼, ਪੰਨਾ: 361.
9. ਵਣਜਾਰਾ ਬੇਦੀ, ਲੋਕ ਧਾਰਾ ਵਿਸ਼ਵਕੋਸ਼, ਪੰਨਾ: 654.



***Cite this Article-***

ਡਾ. ਸੁਖਜਿੰਦਰ ਕੌਰ *(Dr. Sukhjinder Kaur)*, ਲੋਕ ਕਾਵਿ ਰੂਪ 'ਸਿੱਠਣੀ': ਸੱਭਿਆਚਾਰਕ ਅਧਿਐਨ *(LOK KAAVI ROOP 'SITHNI': SABHIYACHARK ADHIAIN)*, ਅਰਮਾਨ *(ARMAAN), ISSN: 2583-9446, Volume 3, Issue 2, April-June 2025, Page: 66-71.*

***Journal URL:*** ***www.armaan.org.in***

***DOI: https://doi.org/10.64119/armaan.vol.3.issue2.12***


*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*